# ਸਪੋਰਟ ਬੱਬਲ ਕੀ ਹੈ?

**ਸਤੰਬਰ 2020 ਵਿੱਚ ਨਵੀਨਤਮ ਬਣਾਇਆ**

ਇੱਕ ਸਪੋਰਟ ਬੱਬਲ ਉਸ ਸਮੇਂ ਹੁੰਦਾ ਹੈ ਜਦੋਂ ਇੱਕ ਇਕੱਲਾ ਰਹਿੰਦਾ ਵਿਅਕਤੀ (ਜਿਸ ਨੂੰ 'ਇੱਕ ਬਾਲਗ ਵਾਲਾ ਪਰਿਵਾਰ' ਕਿਹਾ ਜਾਂਦਾ ਹੈ) ਉਨ੍ਹਾਂ ਲੋਕਾਂ ਨਾਲ ਮੁਲਾਕਾਤ ਕਰਨ ਅਤੇ ਨਜ਼ਦੀਕੀ ਸੰਪਰਕ ਬਣਾਉਣ ਲਈ ਇੱਕ ਸਮੂਹ ਬਣਾ ਲੈਂਦਾ ਹੈ ਜੋ ਕਿਸੇ ਹੋਰ ਪਰਿਵਾਰ ਤੋਂ ਹੁੰਦੇ ਹਨ ਜੋ ਉਸ ਦੇ ਨਾਲ ਨਹੀਂ ਰਹਿੰਦੇ। ਇਹ ਸਪੋਰਟ ਬੱਬਲ ਬਣ ਜਾਂਦਾ ਹੈ। ਇੱਕ ਬਾਲਗ ਪਰਿਵਾਰ ਵਾਲਾ:

- ਇੱਕ ਬਾਲਗ ਨੂੰ ਸ਼ਾਮਲ ਕਰ ਸਕਦਾ ਹੈ ਜੋ ਇਕੱਲਾ ਰਹਿੰਦਾ ਹੈ ਪਰ ਉਸ ਨੂੰ ਮਿਲਣ ਅਤੇ ਉਸ ਦੀ ਮਦਦ ਕਰਨ ਲਈ ਦੇਖਭਾਲਕਰਤਾ ਆਉਂਦੇ ਹਨ, ਉਦਾਹਰਣ ਲਈ ਜੇ ਉਨ੍ਹਾਂ ਨੂੰ ਡਿਮੈਨਸ਼ੀਆ ਹੈ। ਦੇਖਭਾਲਕਰਤਾ ਪਰਿਵਾਰ, ਦੋਸਤ ਜਾਂ ਵੇਤਨੀ ਦੇਖਭਾਲਕਰਤਾ ਹੋ ਸਕਦੇ ਹਨ।
- ਇੱਕ ਬਾਲਗ ਨੂੰ ਸ਼ਾਮਲ ਕਰ ਸਕਦਾ ਹੈ ਜੋ ਇਕੱਲਾ ਰਹਿੰਦਾ ਹੈ ਪਰ ਉਸ ਨਾਲ ਬੱਚੇ ਰਹਿ ਰਹੇ ਹੁੰਦੇ ਹਨ।

ਪਰਿਵਾਰਾਂ ਦਾ ਸਿਰਫ ਇੱਕ ਸਪੋਰਟ ਬੱਬਲ ਹੋ ਸਕਦਾ ਹੈ।

ਇੱਕ ਨੇੜਲੇ ਹੋਰ ਪਰਿਵਾਰ ਨਾਲ ਸਪੋਰਟ ਬੱਬਲ ਬਣਾਉਣਾ ਬਿਹਤਰੀਨ ਹੁੰਦਾ ਹੈ।

14 ਸਤੰਬਰ 2020 ਤੋਂ ਤੁਸੀਂ ਜਿਸ ਸਪੋਰਟ ਬੱਬਲ ਵਿੱਚ ਹੋ ਉਸ ਪਰਿਵਾਰ ਨੂੰ ਬਦਲ ਨਹੀਂ ਸਕਦੇ। ਤੁਸੀਂ ਅਜੇ ਵੀ ਆਪਣੇ ਸਪੋਰਟ ਬੱਬਲ ਨੂੰ ਮਿਲ ਸਕਦੇ ਹੋ ਭਾਵੇਂ ਇਸ ਵਿੱਚ 6 ਤੋਂ ਜ਼ਿਆਦਾ ਵਿਅਕਤੀ ਹੁੰਦੇ ਹਨ। ਸਪੋਰਟ ਬੱਬਲ ਬਾਰੇ ਤਾਜ਼ਾ ਸਰਕਾਰੀ ਸੇਧ ਇੱਥੇ ਹੈ।

ਤੁਸੀਂ ਵੱਖ-ਵੱਖ ਪਰਿਵਾਰਾਂ ਦੇ 6 ਵਿਅਕਤੀਆਂ ਦੇ ਗਰੁੱਪ ਨੂੰ ਕਿਸੇ ਵੀ ਬਾਹਰਲੀ ਜਗ੍ਹਾ 'ਤੇ ਮਿਲਣਾ ਜਾਰੀ ਰੱਖ ਸਕਦੇ ਹੋ।

ਤੁਸੀਂ ਕਿਸੇ ਵੀ ਜਗ੍ਹਾ 'ਤੇ - ਜਨਤਕ ਜਾਂ ਨਿੱਜੀ, ਚਾਰਦਿਵਾਰੀ ਅੰਦਰ, ਜਾਂ ਬਾਹਰ - 2 ਪਰਿਵਾਰਾਂ ਦੇ ਗਰੁੱਪ ਵਿੱਚ ਮੁਲਾਕਾਤ ਕਰ ਸਕਦੇ ਹੋ। ਇਹ ਹਰ ਵਾਰੀ ਇੱਕੋ ਪਰਿਵਾਰ ਹੋਣ ਦੀ ਲੋੜ ਨਹੀਂ ਹੁੰਦੀ। ਤੁਹਾਡੇ ਸਪੋਰਟ ਬੱਬਲ ਵਿੱਚ ਕੋਈ ਵੀ ਇੱਕ ਪਰਿਵਾਰ ਵੱਜੋਂ ਗਿਣਿਆ ਜਾਂਦਾ ਹੈ।